28 ਨਵੰਬਰ 2016

500 ਤੇ 1000 ਰੁਪਏ ਦੇ ਬੈਂਕ ਨੋਟਾਂ ਦੀ ਕਨੂੰਨੀ ਟੈਂਡਰ ਸਥਿਤੀ ਰੱਦ ਕਰਨਾ: 10-27 ਨਵੰਬਰ , 2016 ਦੌਰਾਨ ਬੈਂਕਾਂ ਦੀ ਗਤੀਵਿਧੀਆਂ

8 ਨਵੰਬਰ 2016 ਦੀ ਮੱਧ ਰਾਤ ਤੋਂ 500 ਤੇ 1000 ਰੁਪਏ ਦੇ ਬੈਂਕ ਨੋਟਾਂ ਦੀ ਕਨੂੰਨੀ ਟੈਂਡਰ ਸਥਿਤੀ ਰੱਦ ਕਰਨ ਦੇ ਐਲਾਨ ਕਰਨ ਦੇ ਬਾਅਦ ਭਾਰਤੀ ਰਿਜ਼ਰਵ ਬੈਂਕ ਨੇ ਰਿਜ਼ਰਵ ਬੈਂਕ ਅਤੇ ਵਪਾਰਕ ਬੈਂਕਾਂ, ਖੇਤਰੀ ਦਿਹਾਤੀ ਬੈਂਕਾਂ, ਸ਼ਹਿਰੀ ਸਹਿਕਾਰੀ ਬੈਂਕਾਂ ਦੇ ਕਾਊਂਟਰਾਂ ਉੱਤੇ ਅਜਿਹੇ ਨੋਟਾਂ ਦੀ ਅਦਲਾ ਬਦਲੀ ਅਤੇ/ਜਾਂ ਜਮਾਂ ਕਰਨ ਲਈ ਪ੍ਰਬੰਧ ਕੀਤੇ।

ਉਸ ਤੋਂ ਬਾਅਦ ਬੈਂਕਾਂ ਨੇ ਰਿਪਰੋਟ ਕੀਤਾ ਹੈ ਕਿ ਅਜਿਹੀ 10 ਨਵੰਬਰ 2016 ਤੋਂ ਲੈ ਕੇ 27 ਨਵੰਬਰ 2016 ਤੱਕ ਹੋਈ ਅਦਲਾ-ਬਦਲੀ/ਜਮਾਂ-ਕਰਾਉਣਾ ਦੀ ਕੁੱਲ ਰਕਮ 8,44,982 ਕਰੋੜ ਰੁਪਏ ਹੈ (ਅਦਲਾ-ਬਦਲੀ ਦੀ ਰਕਮ 33,948 ਕਰੋੜ ਰੁਪਏ ਅਤੇ ਜਮਾਂ ਕਰਾਈ ਰਕਮ 8,11,033 ਕਰੋੜ ਰੁਪਏ ਹੈ)

ਉਹਨਾਂ ਨੇ ਇਹ ਵੀ ਰਿਪਰੋਟ ਕੀਤਾ ਹੈ ਕਿ ਇਸ ਮਿਆਦ ਦੇ ਦੌਰਾਨ ਜਨਤਾ ਨੇ ਆਪਣੇ ਖਾਤਿਆਂ ਵਿਚੋਂ ਜਾਂ ਕਾਊਂਟਰਾਂ ਦੇ ਉੱਤੋਂ ਜਾਂ ਏ.ਟੀ.ਐਮਾਂ. ਵਿਚੋਂ 2,16,617 ਕਰੋੜ ਰੁਪਏ ਕਢਵਾਏ ਹਨ।

ਅਲਪਨਾ ਕਿੱਲਾਵਾਲਾ

ਪ੍ਰਮੁੱਖ ਸਲਾਹਕਾਰ

ਪ੍ਰੈਸ ਰਿਲੀਜ਼: 2016-2017/1349